
ਜਮਾਤ ਅੱਠਵੀਂ ਵਿਸ਼ਾ- ਪੰਜਾਬੀ

## ਪਾਠ - 21 ਗਿਆਨ , ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ ਸਾਇੰਸ - ਸਿਟੀ ( ਲੇਖ ) ਅਸ਼ਨੀ ਕੁਮਾਰ



**1. ਪ੍ਰਸ਼ਨਾਂ ਦੇ ਉੱਤਰ ਦਿਓ :-**

**ਪ੍ਰਸ਼ਨ 1 :- ਸਾਇੰਸ ਸਿਟੀ ਕਿੱਥੇ ਸਥਿਤ ਹੈ? ਇਸ ਦਾ ਕੁੱਲ ਖੇਤਰਫਲ ਕਿੰਨਾ ਹੈ ?**

ਉੱਤਰ :-ਸਾਇੰਸ ਸਿਟੀ ਜਲੰਧਰ-ਕਪੂਰਥਲਾ ਸੜਕ ਉੱਤੇ ਸਥਿਤ ਹੈ । ਇਸ ਦਾ ਕੁੱਲ ਖੇਤਰਫਲ 72 ਏਕੜ ਹੈ।

**ਪ੍ਰਸ਼ਨ 2 :- ਸਾਇੰਸ ਸਿਟੀ ਲੋਕਾਂ ਲਈ ਕਦੋਂ ਖੋਲ੍ਹਿਆ ਗਿਆ ?**

ਉੱਤਰ - ਸਾਇੰਸ ਸਿਟੀ ਲੋਕਾਂ ਲਈ 19 ਮਾਰਚ, 2005 ਨੂੰ ਖੋਲ੍ਹਿਆ ਗਿਆ ।

**ਪ੍ਰਸ਼ਨ 3:- ਸਪੇਸ ਥਿਏਟਰ ਤੇ ਆਮ ਸਿਨਮੇ ਦੀ ਫ਼ਿਲਮ ਵਿੱਚ ਅੰਤਰ ਦੱਸੋ ।**

ਉੱਤਰ - ਸਪੇਸ ਥਿਏਟਰ ਤੇ ਆਮ ਸਿਨਮੇ ਦੀ ਫ਼ਿਲਮ ਵਿੱਚ ਫ਼ਰਕ ਇਹ ਹੈ ਕਿ ਸਪੇਸ ਥਿਏਟਰ ਵਿੱਚ ਆਮ ਸਿਨਮੇ ਨਾਲੋਂ ਦਸ ਗੁਣਾ ਵੱਡੀ ਸਕਰੀਨ ਉੱਤੇ ਫ਼ਿਲਮ ਦਿਖਾਈ ਜਾਂਦੀ ਹੈ । ਇਸ ਥਿਏਟਰ ਵਿੱਚ ਬੱਦਲ ਗਰਜਣ ਤੋਂ ਲੈ ਕੇ ਸੂਈ ਡਿੱਗਣ ਤਕ ਦੀ ਆਵਾਜ਼ ਸਾਫ਼ ਸੁਣਾਈ ਦਿੰਦੀ ਹੈ। ਇਸ ਵਿੱਚ ਬੈਠ ਕੇ ਫ਼ਿਲਮ ਦੇਖਣ ਨਾਲ ਤੁਹਾਨੂੰ ਇੰਝ ਲੱਗੇਗਾ, ਜਿਵੇਂ ਤੁਸੀਂ ਵੀ ਫ਼ਿਲਮ ਦਾ ਇੱਕ ਹਿੱਸਾ ਹੋ ।

**ਪ੍ਰਸ਼ਨ4 :- ਫਲਾਈਟ- ਸਿਮੂਲੇਟਰ ਅਤੇ ਅਰਥਕੁ ਏਕ ਸਿਮੂਲੇਟਰ ਦਾ ਸ਼ੌਅ ਕੀ ਹੈ ?**

ਉੱਤਰ -: ਫਲਾਈਟ- ਸਿਮੂਲੇਟਰ ਵਿੱਚ ਬੈਠਿਆਂ ਦਰਸ਼ਕ ਨੂੰ ਇੱਕ ਅਜੀਬ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ । 5 ਡਿਗਰੀ ਦੀ ਚਾਲ ਵਾਲੀ ਇਸ ਸਵਾਰੀ ਵਿੱਚ ਜੇਕਰ ਦਰਸ਼ਕ ਹਵਾਈ ਜਹਾਜ਼ ਵਾਲੀ ਫ਼ਿਲਮ ਵੇਖੇਗਾ, ਤਾਂ ਇਸ ਤਰ੍ਹਾਂ ਲੱਗੇਗਾ, ਜਿਵੇਂ ਉਹ ਹਵਾਈ ਜਹਾਜ਼ ਵਿੱਚ ਬੈਠਾ ਹੋਵੇ। ਜੇਕਰ ਦਰਸ਼ਕ ਰੋਲਰ ਕੋਸਟਰ ਦੀ ਫ਼ਿਲਮ ਵੇਖੇਗਾ , ਤਾਂ ਇੰਝ ਮਹਿਸੂਸ ਕਰੇਗਾ, ਜਿਵੇਂ ਉਹ ਰੋਲਰ ਕੋਸਟਰ ਵਿੱਚ ਬੈਠਾ ਹੋਵੇ ।ਇਹ ਸਿਮੂਲੇਟਰ ਬਰਤਾਨੀਆਂ ਤੋਂ ਮੰਗਵਾਇਆ ਗਿਆ ਹੈ ।

ਅਰਥਕੁਏਕ ਸਿਮੂਲੇਟਰ ਵਿੱਚ ਬੈਠਿਆਂ ਦਰਸ਼ਕ ਨੂੰ ਭੂਚਾਲ ਦੇ ਅਸਲੀ ਝਟਕਿਆਂ ਵਰਗਾ ਅਹਿਸਾਸ ਹੁੰਦਾ ਹੈ। ਇਸ ਦੇ ਸਾਹਮਣੇ ਲੱਗੀ ਸਕਰੀਨ ਉੱਤੇ ਦਿਖਾਇਆ ਜਾਂਦਾ ਹੈ ਕਿ ਦਰਸ਼ਕ ਘਰ ਦੀਆਂ ਵੱਖ - ਵੱਖ ਮੰਜ਼ਲਾਂ ਵਿੱਚ ਵੱਖ ਵੱਖ ਰੈਕਟਰ ਪੈਮਾਨਿਆਂ ਦੇ ਭੂਚਾਲ ਨੂੰ ਕਿਸ ਤਰ੍ਹਾਂ ਮਹਿਸੂਸ ਕਰੇਗਾ । ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਭੂਚਾਲ ਆਉਣ 'ਤੇ ਇੱਕ ਦਮ ਕੀ ਕਰਨਾ ਚਾਹੀਦਾ ਹੈ ।

**ਪ੍ਰਸ਼ਨ 5:- 3- ਡੀ ਸ਼ੋਅ ਕੀ ਹੈ ? ਲੇਜ਼ਰ ਦੀ ਵਰਤੋਂ ਕਿੱਥੇ- ਕਿੱਥੇ ਹੁੰਦੀ ਹੈ ?**

ਉੱਤਰ _ ਸਾਇੰਸ ਸਿਟੀ ਵਿੱਚ 3- ਡੀ ਸ਼ੋਅ ਸਪੈਸ਼ਲ ਐਨਕਾਂ ਨਾਲ ਦੇਖਿਆ ਜਾਂਦਾ ਹੈ। ਇਸ ਕਮਾਲ ਦੇ ਸ਼ੋਅ ਵਿੱਚ ਥਿਏਟਰ ਵਿੱਚ ਬੈਠਿਆਂ ਦਰਸ਼ਕ ਨੂੰ ਇੰਝ ਲੱਗੇਗਾ, ਜਿਵੇਂ ਫਿਲਮ ਦੇ ਕਿਰਦਾਰ ਸਕਰੀਨ ਤੋਂ ਬਾਹਰ ਆ ਕੇ ਉਸ ਨੂੰ ਛੋਹ ਰਹੇ ਹਨ । ਲੇਜ਼ਰ ਕਿਰਨਾਂ ਦੀ ਵਰਤੋਂ ਉਦਯੋਗ ਅਤੇ ਮਨੁੱਖੀ ਜੀਵਨ ਲਈ ਬਹੁਤ ਲਾਭਕਾਰੀ ਹੈ। ਲੇਜ਼ਰ ਅੱਖਾਂ ਦੇ ਰੈਟੀਨਾ ਦੀ ਵੈਲਡਿੰਗ , ਕੈਂਸਰ ਥੈਰੇਪੀ ਤੇ ਚੀਰਾ - ਰਹਿਤ ਉਪਰੇਸ਼ਨ ਵਿੱਚ ਵਰਤੇ ਜਾਂਦੇ ਹਨ ।

**ਪ੍ਰਸ਼ਨ 6:- ਸਿਹਤ ਗੈਲਰੀ ਵਿੱਚ ਕੀ ਕੁਝ ਵੇਖਣ - ਯੋਗ ਹੈ ?**

ਉੱਤਰ - ਸਾਇੰਸ ਸਿਟੀ ਦੀ ਐਕਸਪਲੋਰੀਅਮ ਬਿਲਡਿੰਗ ਵਿੱਚ ਬਣੀ ਸਿਹਤ ਗੈਲਰੀ ਮਨੁੱਖੀ ਸਰੀਰ ਦੇ ਰਹੱਸਾਂ ਨੂੰ ਖੋਲ੍ਹਦੀ ਹੈ । ਇਸ ਗੈਲਰੀ ਵਿੱਚ ਦਾਖ਼ਲ ਹੁੰਦਿਆਂ ਹੀ ਦਰਸ਼ਕ ਨੂੰ 12 ਫੁੱਟ ਉੱਚੇ ਦਿਲ ਦੇ ਮਾਡਲ ਵਿੱਚੋਂ ਲੰਘਦਿਆਂ ਦਿਲ ਦੇ ਧੜਕਣ ਦੀ ਆਵਾਜ਼ ਸੁਣਾਈ ਦਿੰਦੀ ਹੈ । ਇਸ ਤੋਂ ਇਲਾਵਾ ਪਾਰਦਰਸ਼ੀ ਮਨੁੱਖ ਥਿਏਟਰ ਵਿੱਚ ਸਾਨੂੰ ਆਪਣੇ ਸਰੀਰ ਦੇ ਸਾਰੇ ਅੰਗਾਂ ਦੀਆਂ ਕਿਰਿਆਵਾਂ ਦਾ ਪਤਾ ਲਗਦਾ ਹੈ । ਪਾਰਦਰਸ਼ੀ ਮਨੁੱਖ ਸਾਨੂੰ ਬੋਲ ਕੇ ਦੱਸਦਾ ਹੈ ਕਿ ਸਾਡਾ ਦਿਲ ਦਿਨ ਵਿੱਚ ਕਿੰਨੀ ਵਾਰੀ ਧੜਕਦਾ

ਹੈ ਤੇ ਅਸੀਂ ਕਿੰਨੀ ਵਾਰੀ ਸਾਹ ਲੈਂਦੇ ਹਾਂ । ਇਸ ਗੈਲਰੀ ਵਿੱਚ ਦਰਸ਼ਕ ਆਪ ਸੀ.ਟੀ ਸਕੈਨ ਤੇ ਓੁਪਰੇਸ਼ਨ ਵੀ ਕਰਕੇ ਦੇਖ ਸਕਦੇ ਹਨ । ਸੀ .ਟੀ . ਸਕੈਨ ਦਾ ਮਾਡਲ ਸੀ.ਟੀ. ਸਕੈਨ ਦੀ ਸਾਰੀ ਪ੍ਰਕਿਰਿਆ ਤੋਂ ਜਾਣੂ ਕਰਾਉਂਦਾ ਹੈ ।

ਪ੍ਰਸ਼ਨ 7. ਊਰਜਾ ਪਾਰਕ ਕੀ ਹੈ ?

ਉੱਤਰ -ਸਾਇੰਸ ਸਿਟੀ ਵਿੱਚ ਊਰਜਾ ਪਾਰਕ ਤਿੰਨ ਏਕੜ ਵਿੱਚ ਸਥਿਤ ਹੈ , ਜਿੱਥੇ ਕੇਵਲ ਸੂਰਜੀ ਊਰਜਾ ਹੀ ਵਰਤੀ ਜਾਂਦੀ ਹੈ । ਇੱਥੇ ਅਜਿਹੀਆਂ ਪ੍ਰਦਰਸ਼ਨੀਆਂ ਮੌਜੂਦ ਹਨ ,ਜਿਨ੍ਹਾਂ ਤੋਂ ਸਾਨੂੰ ਸੂਰਜੀ ਊਰਜਾ ਵਰਤਣ ਦੀ ਸੇਧ ਮਿਲਦੀ ਹੈ । ਸੂਰਜ- ਸ਼ਕਤੀ ਕੇਂਦਰ ਵਿੱਚ ਬੈਟਰੀਆਂ ਲੱਗੀਆਂ ਹੋਈਆਂ ਹਨ, ਜੋ ਸੂਰਜੀ ਊਰਜਾ ਨੂੰ ਸਟੋਰ ਕਰਕੇ ਰੱਖਦੀਆਂ ਹਨ । ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਸੂਰਜ ਨਾ ਚੜ੍ਹਨ 'ਤੇ ਵੀ ਅਸੀਂ ਸੂਰਜੀ ਊਰਜਾ ਦੀ ਵਰਤੋਂ ਕਰ ਸਕਦੇ ਹਾਂ ।

ਪਣ-ਸ਼ਕਤੀ ਕੇਂਦਰ ਊਰਜਾ ਪਾਰਕ ਦਾ ਖਿੱਚ ਭਰਿਆ ਕੇਂਦਰ ਹੈ । ਇੱਥੇ ਰਣਜੀਤ ਸਾਗਰ ਦਾ ਮਾਡਲ ਰੱਖਿਆ ਗਿਆ ਹੈ ।ਇੱਥੇ ਵੱਖ ਵੱਖ ਮਾਡਲਾਂ ਰਾਹੀਂ ਸਮਝਾਇਆ ਗਿਆ ਹੈ ਕਿ ਪਾਣੀ ਤੋਂ ਬਿਜਲੀ ਕਿਵੇਂ ਤਿਆਰ ਹੁੰਦੀ ਹੈ। ਇਸ ਤੋਂ ਇਲਾਵਾ ਪ੍ਰਮਾਣੂ ਸ਼ਕਤੀ ਕੇਂਦਰ ਵਿੱਚ ਇਸ ਗੱਲ ਤੇ ਰੌਸ਼ਨੀ ਪਾਈ ਗਈ ਹੈ ਕਿ ਪ੍ਰਮਾਣੂ ਸ਼ਕਤੀ ਸਿਰਫ਼ ਬੰਬ ਬਣਾਉਣ ਲਈ ਹੀ ਨਹੀਂ , ਸਗੋਂ ਇਸ ਦੀ ਲੋਕ ਭਲਾਈ ਦੇ ਕੰਮਾਂ ਵਿਚ ਵਰਤੋਂ ਕੀਤੀ ਜਾਂਦੀ ਹੈ ।

ਪ੍ਰਸ਼ਨ 8. ਡਾਇਨਾਸੋਰ ਪਾਰਕ ਵਿੱਚ 'ਡਾਇਨਾਸੋਰਾਂ ਦੇ ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ।' ਚਰਚਾ ਕਰੋ ।

ਉੱਤਰ:-ਡਾਇਨਾਸੋਰ ਪਾਰਕ ਵਿੱਚ ਬਣੀ ਇੱਕ ਝੀਲ ਵਿਚ ਸਥਿਤ ਇੱਕ ਟਾਪੂ ਉੱਤੇ ਰੱਖੇ ਲਗਭਗ 44 ਡਾਇਨਾਸੋਰਾਂ ਦੇ ਮਾਡਲ ਦੇਖ ਕੇ ਸਾਨੂੰ ਅਨੁਭਵ ਹੁੰਦਾ ਹੈ ਕਿ ਕਿਸ ਤਰ੍ਹਾਂ ਧਰਤੀ ਉੱਤੇ ਕਦੇ ਇਹ ਵੱਡ -ਆਕਾਰੇ ਡਰਾਉਣੇ ਜੀਵ ਰਹਿੰਦੇ ਸਨ, ਜੋ ਹੁਣ ਨਹੀਂ ਰਹੇ । ਇਹ ਵੀ ਦੱਸਿਆ ਗਿਆ ਹੈ ਕਿ ਇਨ੍ਹਾਂ ਦਾ ਅੰਤ ਜਵਾਲਾਮੁਖੀ ਦੇ ਫਟਣ ਤੇ ਵਾਤਾਵਰਣ ਠੀਕ ਨਾ ਹੋਣ ਕਾਰਨ ਹੋਇਆ। ਇਸ ਨੂੰ ਦਰਸਾਉਣ ਲਈ ਇੱਥੇ ਜਵਾਲਾਮੁਖੀ ਦਾ ਇੱਕ ਵਿਸ਼ੇਸ਼ ਮਾਡਲ ਬਣਾਇਆ ਗਿਆ ਹੈ ,ਜਿਸ ਦੇ ਅੰਦਰ ਡਾਇਨਾਸੋਰ ਹਿਲਦੇ-ਜੁਲਦੇ ਦਿਖਾਈ ਦਿੰਦੇ ਹਨ ।



ਪ੍ਰਸ਼ਨ 9- ਜੰਗੀ ਹਥਿਆਰਾਂ ਨਾਲ ਸੰਬੰਧਿਤ ਗੈਲਰੀ ਵਿੱਚ ਕੀ ਕੁੱਝ ਰੱਖਿਆ ਗਿਆ ਹੈ ?

ਉੱਤਰ- ਜੰਗੀ ਹਥਿਆਰਾਂ ਦੀ ਗੈਲਰੀ ਵਿਚ ਇੱਕ ਮਿਗ-23 ਰੱਖਿਆ ਗਿਆ ਹੈ, ਜੋ ਕਿ ਅਗਸਤ 1980 ਵਿਚ ਬਣਾਇਆ ਗਿਆ ਸੀ ਅਤੇ 1981-82 ਵਿੱਚ ਭਾਰਤੀ ਹਵਾਈ ਫ਼ੌਜ ਨੂੰ ਸੌਂਪਿਆ ਗਿਆ ਸੀ । ਬਰਾਸਟੈਕ ਤੇ ਕਾਰਗਿਲ ਦੀ ਲੜਾਈ ਵਿਚ ਵੀ ਇਸ ਦੀ ਵਰਤੋਂ ਹੋਈ। ਇੱਥੇ ਭਾਰਤ ਦਾ ਬਣਿਆ ਸੁਦੇਸ਼ੀ ਵਿਜੈਅੰਤਾ ਟੈਂਕ ਵੀ ਰੱਖਿਆ ਗਿਆ ਹੈ, ਜਿਸ ਦੀ 1971 ਦੀ ਜੰਗ ਵਿੱਚ ਵਰਤੋਂ ਹੋਈ।

ਪ੍ਰਸ਼ਨ 10- ਸਪੋਰਟਸ ਗੈਲਰੀ ਅਤੇ ਰੇਲਵੇ ਗੈਲਰੀ ਵਿੱਚ ਕੀ ਹੈ ?

ਉੱਤਰ - ਸਾਇੰਸ ਸਿਟੀ ਦੀ ਸਪੋਰਟਸ ਗੈਲਰੀ ਵਿੱਚ ਖੇਡਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾਂ ਦੇ ਰਹੱਸਾਂ ਨੂੰ ਖੋਲ੍ਹਿਆ ਗਿਆ ਹੈ । ਕ੍ਰਿਕਟ ਵਿੱਚ ਬਾਲ ਕਿਵੇਂ ਸਪਿੰਨ ਹੁੰਦੀ ਹੈ । ਹਾਕੀ ,ਬਾਸਕਟਬਾਲ , ਵਾਲੀਬਾਲ ਆਦਿ ਖੇਡਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾਂ ਨੂੰ ਵਿਸਥਾਰ ਨਾਲ ਸਮਝਾਇਆ ਗਿਆ ਹੈ । ਰੇਲਵੇ ਗੈਲਰੀ ਵਿੱਚ ਦਿੱਲੀ ਦੀ ਮੈਟਰੋ, ਜਾਪਾਨ ਦੀ ਬੁਲਿਟ ਟਰੇਨ ਅਤੇ ਕਾਲਕਾ ਦੀ ਸ਼ਿਮਲਾ ਮੇਲ ਦੇ ਮਾਡਲ ਪ੍ਰਦਰਸ਼ਿਤ ਕੀਤੇ ਗਏ ਹਨ ।

## 2. ਔਖੇ ਸ਼ਬਦਾਂ ਦੇ ਅਰਥ :-

| | |
|---|---|
| ਅਹਿਮ : ਬਹੁਤ ਜ਼ਰੂਰੀ | ਥਿਏਟਰ - ਨਾਟਕ-ਘਰ , ਤਮਾਸ਼ਾ ਕਰਨ ਦੀ ਥਾਂ |
| ਯੋਗਦਾਨ : ਸਹਿਯੋਗ ,ਦੇਣ | ਗਲੈਕਸੀ : ਆਕਾਸ਼ - ਗੰਗਾ , ਤਾਰਿਆਂ ਦਾ ਝੁਰਮਟ |
| ਕਿਰਦਾਰ : ਪਾਤਰ | ਸੈਟੇਲਾਈਟ : ਉਪਗ੍ਰਹਿ |
| ਉਪਰਾਲੇ: ਜਤਨ , ਹੀਲੇ ,ਉਪਾਅ | ਪ੍ਰਦਰਸ਼ਨੀ : ਨੁਮਾਇਸ਼ , ਦਿਖਾਵਾ |
| ਵਿਕਾਸ: ਤਰੱਕੀ , ਉੱਨਤੀ | ਗਲੋਬ : ਧਰਤੀ ਦਾ ਇੱਕ ਗੋਲੇ ਉੱਤੇ ਬਣਾਇਆ ਨਕਸ਼ਾ, ਭੂ -ਮੰਡਲ |
| ਦਾਸਤਾਨ : ਕਹਾਣੀ , ਵਿਥਿਆ | ਆਕਰਸ਼ਣ : ਖਿੱਚ , ਕਸ਼ਸ਼ |
| ਪ੍ਰਕਿਰਿਆ : ਤਰੀਕਾ , ਅਮਲ | ਟੈਲੀਸਕੋਪ : ਦੂਰਬੀਨ |
| ਰਹੱਸ : ਭੇਤ , ਗੁੱਝੀ ਗੱਲ | |

## 3. ਵਾਕਾਂ ਵਿੱਚ ਵਰਤੋਂ :-

1. ਜਾਗਰੂਕ (ਜਾਗ੍ਰਿਤ, ਚੇਤਨ):- ਸਾਇੰਸ ਸਿਟੀ ਵਿਚ ਸਥਿਤ ਸਿਹਤ ਗੈਲਰੀ ਲੋਕਾਂ ਨੂੰ ਆਪਣੇ ਸਰੀਰ ਤੇ ਸਿਹਤ ਸੰਬੰਧੀ ਜਾਗਰੂਕ ਕਰਦੀ ਹੈ ।

2. ਸਕਰੀਨ( ਪਰਦਾ ):-ਫਿਲਮ ਸਿਨਮੇ ਦੀ ਸਕਰੀਨ ਉੱਤੇ ਦਿਖਾਈ ਜਾਂਦੀ ਹੈ।

3. ਪੁਲਾੜ (ਖਿਲਾਅ):-ਵੱਖ -ਵੱਖ ਉਦੇਸ਼ਾਂ ਦੀ ਪੂਰਤੀ ਲਈ ਭਿੰਨ- ਭਿੰਨ ਉਪਗ੍ਰਹਿ ਪੁਲਾੜ ਵਿੱਚ ਛੱਡੇ ਜਾਂਦੇ ਹਨ ।

4. ਮਾਡਲ (ਨਮੂਨਾ):- ਗਲੋਬ ਅਸਲ ਵਿੱਚ ਧਰਤੀ ਦਾ ਇੱਕ ਛੋਟਾ ਮਾਡਲ ਹੁੰਦਾ ਹੈ ।

5. ਮੇਕ-ਅਪ (ਸ਼ਿੰਗਾਰ):- ਫ਼ਿਲਮਾਂ ਵਿੱਚ ਪਾਤਰਾਂ ਤੇ ਦ੍ਰਿਸ਼ਾਂ ਨੂੰ ਪੇਸ਼ ਕਰਨ ਵਿੱਚ ਮੇਕ-ਅਪ ਕਰਨ ਵਾਲੇ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ ।

6.ਟ੍ਰੇਨਿੰਗ (ਸਿਖਲਾਈ):- ਇਸ ਸੰਸਥਾ ਵਿਚ ਲੜਕੀਆਂ ਨੂੰ ਸਿਲਾਈ- ਕਢਾਈ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ ।

7. ਲਾਹੇਵੰਦ (ਲਾਭ ਦੇਣ ਵਾਲਾ):- ਅੱਜ- ਕੱਲ੍ਹ ਛੋਟੇ ਪੱਧਰ ਦੀ ਖੇਤੀ-ਬਾੜੀ ਕੋਈ ਲਾਹੇਵੰਦ ਧੰਦਾ ਨਹੀਂ ਰਿਹਾ ।

8.ਪਾਰਦਰਸ਼ੀ (ਉਹ ਚੀਜ਼ ਜਿਸ ਦੇ ਆਰ- ਪਾਰ ਦਿਸੇ ):- ਲੋਹੇ ਦੀਆਂ ਬਣੀਆਂ ਚੀਜ਼ਾਂ ਪਾਰਦਰਸ਼ੀ ਨਹੀਂ ਹੁੰਦੀਆਂ ।

ਤਿਆਰ ਕਰਤਾ :- ਸ਼ੈਲਜਾ ਕੁਮਾਰੀ ਪੰਜਾਬੀ ਮਿਸਟ੍ਰੈਸ
ਸਰਕਾਰੀ ਹਾਈ ਸਕੂਲ ਸਾਹੋਵਾਲ
(ਜ਼ਿਲ੍ਹਾ ਗੁਰਦਾਸਪੁਰ )